| | |
|---|---|
| Pre-ballot NOTICE | ਵੋਟਾਂ ਤੋਂ ਪਹਿਲਾਂ ਦਾ ਨੋਟਿਸ |
| All the information you need about the proposed transfer to West of Scotland Housing Association as we move to the ballot stage. | ਵੈਸਟ ਆਫ ਸਕਾਟਲੈਂਡ ਹਾਊਜ਼ਿੰਗ ਐਸੋਸੀਏਸ਼ਨ ਵੱਲ ਪ੍ਰਸਤਾਵਿਤ ਤਬਾਦਲੇ ਬਾਰੇ ਤੁਹਾਨੂੰ ਲੋੜੀਂਦੀ ਸਾਰੀ ਜਾਣਕਾਰੀ ਜਿਵੇਂ ਅਸੀਂ ਵੋਟਾਂ ਦੇ ਪੜਾਅ ਵੱਲ ਵੱਧ ਰਹੇ ਹਾਂ। |
| As you will know, Charing Cross Housing Association is proposing a transfer to West of Scotland Housing Association that would bring more affordable rents, increased investment in your homes and improved services for local tenants. | ਜਿਵੇਂ ਕਿ ਤੁਸੀਂ ਜਾਣਦੇ ਹੀ ਹੋਵੋਂਗੇ, ਚੈਰਿੰਗ ਕਰੌਸ ਹਾਊਜ਼ਿੰਗ ਐਸੋਸੀਏਸ਼ਨ ਵੈਸਟ ਆਫ ਸਕਾਟਲੈਂਡ ਹਾਊਜ਼ਿੰਗ ਐਸੋਸੀਏਸ਼ਨ ਵੱਲ ਇੱਕ ਤਬਾਦਲੇ ਦਾ ਪ੍ਰਸਤਾਵ ਰੱਖ ਰਹੀ ਹੈ ਜੋ ਵਧੇਰੇ ਪੁੱਜਣਯੋਗ ਕਿਰਾਏ, ਤੁਹਾਡੇ ਘਰਾਂ ਵਿੱਚ ਵਧੇ ਹੋਏ ਨਿਵੇਸ਼ ਅਤੇ ਸਥਾਨਕ ਕਿਰਾਏਦਾਰਾਂ ਵਾਸਤੇ ਸੁਧਰੀਆਂ ਹੋਈਆਂ ਸੇਵਾਵਾਂ ਲਿਆਵੇਗਾ। |
| The final decision on whether the transfer goes ahead is yours through an independent ballot. The tenant ballot will commence shortly on 6th May 2022. This is our last opportunity to remind you of the transfer offer before the ballot gets underway. | ਤਬਾਦਲਾ ਅੱਗੇ ਵਧਦਾ ਹੈ ਜਾਂ ਨਹੀ, ਇਸ ਬਾਰੇ ਅੰਤਿਮ ਫੈਸਲਾ ਇੱਕ ਨਿਰਪੱਖ ਵੋਟਾਂ ਰਾਹੀਂ ਤੁਹਾਡਾ ਹੈ। ਕਿਰਾਏਦਾਰਾਂ ਲਈ ਵੋਟਾਂ ਜਲਦੀ ਹੀ 6 ਮਈ 2022 ਨੂੰ ਸ਼ੁਰੂ ਹੋਣਗੀਆਂ। ਵੋਟਾਂ ਪੈਣ ਦਾ ਸਿਲਸਿਲਾ ਸ਼ੁਰੂ ਹੋਣ ਤੋਂ ਪਹਿਲਾਂ, ਤਬਾਦਲੇ ਦੀ ਪੇਸ਼ਕਸ਼ ਬਾਰੇ ਤੁਹਾਨੂੰ ਯਾਦ ਕਰਾਉਣ ਦਾ ਸਾਡੇ ਕੋਲ ਇਹ ਆਖਰੀ ਮੌਕਾ ਹੈ। |
| Please look out for your ballot paper arriving directly from Civica Election Services, the independent body who will run the ballot. | ਕਿਰਪਾ ਕਰਕੇ ਸਿਵਿਕਾ ਇਲੈਕਸ਼ਨ ਸਰਵਿਸਜ਼, ਇੱਕ ਸੁਤੰਤਰ ਸੰਸਥਾ ਜੋ ਵੋਟਾਂ ਦਾ ਸੰਚਾਲਨ ਕਰੇਗੀ, ਤੋਂ ਸਿੱਧੇ ਆਉਣ ਵਾਲੇ ਆਪਣੇ ਚੋਣ ਪੱਤਰ (ਬੈਲਟ ਪੇਪਰ) ਦਾ ਧਿਆਨ ਰਖੋ। |
| Voting YES means: | **ਹਾਂ** ਵਿੱਚ ਵੋਟ ਪਾਉਣ ਦਾ ਮਤਲਬ ਹੈ: |
| Improving Rent Affordability | ਕਿਰਾਏ ਦੀ ਸਮਰੱਥਾ ਵਿੱਚ ਸੁਧਾਰ ਕਰਨਾ |
| Rent freeze for all tenants for 2023-24, followed by a maximum of CPI inflation only increases thereafter. | 2023-24 ਲਈ ਸਾਰੇ ਕਿਰਾਏਦਾਰਾਂ ਲਈ ਕਿਰਾਇਆ ਉੱਥੇ ਹੀ ਰਖਣਾ, ਜਿਸ ਤੋਂ ਬਾਅਦ ਕੇਵਲ ਸੀਪੀਆਈ ਮੁਦਰਾਸਫਿਤੀ ਤੱਕ ਵੱਧ ਤੋਂ ਵੱਧ ਵਾਧਾ। |
| Review of all service charges immediately after transfer with changes to be in place for April 2023. | ਤਬਾਦਲੇ ਦੇ ਤੁਰੰਤ ਬਾਅਦ ਅਪਰੈਲ 2023 ਵਾਸਤੇ ਲਾਗੂ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਦੇ ਨਾਲ ਸਾਰੇ ਸੇਵਾ ਖ਼ਰਚਿਆਂ (ਸਰਵਿਸ ਚਾਰਜਾਂ) ਦੀ ਸਮੀਖਿਆ। |
| Freeze in Factor Management Fees for all owners for 2023-24. | 2023-24 ਵਾਸਤੇ ਸਾਰੇ ਮਾਲਕਾਂ ਵਾਸਤੇ ਅੰਸ਼ਕ ਪ੍ਰਬੰਧਨ ਫੀਸਾਂ ਵਿੱਚ ਉੱਥੇ ਹੀ ਰਹਿਣੀਆਂ। |
| Provide quality homes in an attractive environment | ਇੱਕ ਆਕਰਸ਼ਕ ਵਾਤਾਵਰਣ ਵਿੱਚ ਗੁਣਵਤਾ ਵਾਲੇ ਘਰ ਪ੍ਰਦਾਨ ਕਰਾਉਣਾ |
| Investment of up to £9.5m by the end of March 2027 including new double-glazed windows for the majority of houses. | ਮਾਰਚ 2027 ਦੇ ਅੰਤ ਤੱਕ £95 ਲੱਖ ਤੱਕ ਦਾ ਨਿਵੇਸ਼ ਜਿਸ ਵਿੱਚ ਜ਼ਿਆਦਾਤਰ ਘਰਾਂ ਵਾਸਤੇ ਨਵੀਆਂ ਡਬਲ-ਗਲੇਜ਼ਡ ਖਿੜਕੀਆਂ ਵੀ ਸ਼ਾਮਲ ਹਨ। |

| | |
|---|---|
| A £100,000 kick-start local budget to support partnership projects to improve the wider environment. | ਵਿਆਪਕ ਵਾਤਾਵਰਣ ਵਿੱਚ ਸੁਧਾਰ ਕਰਨ ਲਈ ਭਾਈਵਾਲੀ ਪ੍ਰੋਜੈਕਟਾਂ ਦਾ ਸਮਰਥਨ ਕਰਨ ਲਈ ਇੱਕ £100,000 ਦਾ ਸ਼ੁਰੂਆਤ ਕਰਨ ਵਾਲਾ ਸਥਾਨਕ ਬੱਜਟ ਸ਼ੁਰੂ ਕਰਨਾ। |
| Provision of a high quality, well managed, modern repairs service. | ਇੱਕ ਉੱਚ ਗੁਣਵਤਾ, ਚੰਗੀ ਤਰ੍ਹਾਂ ਪ੍ਰਬੰਧਿਤ, ਆਧੁਨਿਕ ਮੁਰੰਮਤਾਂ ਸੇਵਾ ਦੀ ਸੁਵਿਧਾ। |
| Deliver excellent and culturally sensitive services and greater opportunities | ਸ਼ਾਨਦਾਰ ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਸੇਵਾਵਾਂ ਅਤੇ ਵਧੇਰੇ ਮੌਕੇ ਪਹੁੰਚਾਉਣਾ |
| Staff will transfer to West of Scotland and the local office will be kept with expanded services. | ਅਮਲਾ ਵੈਸਟ ਆਫ ਸਕਾਟਲੈਂਡ ਵਿੱਚ ਟ੍ਰਾਂਸਫਰ ਹੋ ਜਾਵੇਗਾ ਅਤੇ ਸਥਾਨਕ ਦਫਤਰ ਵਿਸਤਰਿਤ ਸੇਵਾਵਾਂ ਦੇ ਨਾਲ ਖੁੱਲ੍ਹਿਆ ਰਹੇਗਾ। |
| Development and delivery of services in a way that recognises and embraces the needs of the diverse communities.<br>Access to range of wider support services including Handy Person, Energy and Money Advice and Digital support. | ਸੇਵਾਵਾਂ ਦਾ ਵਿਕਾਸ ਅਤੇ ਅਦਾਇਗੀ ਇਸ ਤਰੀਕੇ ਨਾਲ ਕਰਨਾ ਜੋ ਵਿਭਿੰਨ ਭਾਈਚਾਰਿਆਂ ਦੀਆਂ ਲੋੜਾਂ ਨੂੰ ਪਛਾਣਦਾ ਅਤੇ ਅਪਣਾਉਂਦਾ ਹੈ।<br>ਵਿਆਪਕ ਸਹਾਇਤਾ ਸੇਵਾਵਾਂ ਦੀ ਲੜੀ ਤੱਕ ਪਹੁੰਚ ਜਿਸ ਵਿੱਚ ਮਦਦ ਕਰਨ ਵਾਲਾ ਵਿਅਕਤੀ, ਊਰਜਾ ਅਤੇ ਪੈਸੇ ਬਾਰੇ ਸਲਾਹ ਅਤੇ ਡਿਜੀਟਲ ਸਹਾਇਤਾਵਾਂ ਸ਼ਾਮਲ ਹਨ। |
| Customer App which gives 24/7 access to online services and make service requests. | ਕਸਟਮਰ ਐਪ ਜੋ ਕਿ ਔਨਲਾਈਨ ਸੇਵਾਵਾਂ ਤੱਕ ਅਤੇ ਸੇਵਾ ਬੇਨਤੀਆਂ ਲਈ 24/7 ਪਹੁੰਚ ਪ੍ਰਦਾਨ ਕਰਦੀ ਹੈ। |
| Strong Governance and Financial Strength | ਮਜ਼ਬੂਤ ਪ੍ਰਸ਼ਾਸ਼ਨ ਅਤੇ ਵਿੱਤੀ ਸ਼ਕਤੀ |
| An estimated £300,000 of savings per year which will be used to maintain lower rents. | ਪ੍ਰਤੀ ਸਾਲ ਅੰਦਾਜ਼ਨ £300,000 ਦੀ ਬਚਤ ਜਿਸਨੂੰ ਮੁਕਾਬਲਤਨ ਘੱਟ ਕਿਰਾਏ ਬਣਾਈ ਰੱਖਣ ਲਈ ਵਰਤਿਆ ਜਾਵੇਗਾ। |
| Post transfer 30-year business plan that addresses the gaps in Charing Cross's current plan and shows how all of the transfer promises will be delivered. | ਤਬਾਦਲੇ ਦੇ ਬਾਅਦ 30-ਸਾਲਾ ਕਾਰੋਬਾਰੀ ਯੋਜਨਾ ਜੋ ਚੈਰਿੰਗ ਕਰੌਸ ਦੀ ਵਰਤਮਾਨ ਯੋਜਨਾ ਵਿਚਲੇ ਪਾੜਿਆਂ ਨੂੰ ਹੱਲ ਕਰਦੀ ਹੈ ਅਤੇ ਇਹ ਦਿਖਾਉਂਦੀ ਹੈ ਕਿ ਤਬਾਦਲੇ ਦੇ ਸਾਰੇ ਵਾਅਦਿਆਂ ਨੂੰ ਕਿਵੇਂ ਪ੍ਰਦਾਨ ਕੀਤਾ ਜਾਵੇਗਾ। |
| A new residents association representing the Woodlands and Garnethill communities and increased opportunities for Charing Cross tenants to participate in decision making and **monitor transfer promises.** | ਵੁੱਡਲੈਂਡਜ਼ ਅਤੇ ਗਾਰਨੇਟਹਿਲ ਭਾਈਚਾਰਿਆਂ ਦੀ ਪ੍ਰਤੀਨਿਧਤਾ ਕਰਨ ਵਾਲੀ ਇੱਕ ਨਵੀਂ ਵਸਨੀਕ ਸੰਸਥਾ ਅਤੇ ਚੈਰਿੰਗ ਕਰਾਸ ਦੇ ਕਿਰਾਏਦਾਰਾਂ ਵਾਸਤੇ ਫੈਸਲਾ ਕਰਨ ਦੀ ਪ੍ਰਕਿਰਿਆ ਵਿੱਚ ਭਾਗ ਲੈਣ ਅਤੇ **ਤਬਾਦਲੇ ਦੇ ਵਾਅਦਿਆਂ ਦੀ ਨਿਗਰਾਨੀ ਕਰਨ** ਦੇ ਵਧੇ ਹੋਏ ਮੌਕੇ। |
| Strong and skilled Management Board at West of Scotland that will ensure full compliance with Regulatory Standards, good governance, scrutiny, and robust decision making. | ਵੈਸਟ ਆਫ ਸਕਾਟਲੈਂਡ ਵਿਖੇ ਮਜ਼ਬੂਤ ਅਤੇ ਹੁਨਰਮੰਦ ਮੈਨੇਜਮੈਂਟ ਬੋਰਡ ਜੋ ਅਧਿਨਿਯਮਕ ਮਿਆਰਾਂ, ਵਧੀਆ ਪ੍ਰਸ਼ਾਸ਼ਨ, ਪੜਤਾਲ, ਅਤੇ ਮਜ਼ਬੂਤ ਫੈਸਲਾ ਕਰਨ ਦੀ ਪ੍ਰਕਿਰਿਆ ਦੀ ਸੰਪੂਰਨ ਪਾਲਣਾ ਨੂੰ ਯਕੀਨੀ ਬਣਾਵੇਗਾ। |

| | |
|---|---|
| A clear focus on value for money to support efficiency and delivering more for tenants. | ਕੁਸ਼ਲਤਾ ਦਾ ਸਮਰਥਨ ਕਰਨ ਅਤੇ ਕਿਰਾਏਦਾਰਾਂ ਨੂੰ ਵਧੇਰੇ ਪ੍ਰਦਾਨ ਕਰਨ ਲਈ ਪੈਸੇ ਦੀ ਕੀਮਤ 'ਤੇ ਇੱਕ ਸਪੱਸ਼ਟ ਧਿਆਨ। |
| Developing our People | ਸਾਡੇ ਲੋਕਾਂ ਦਾ ਵਿਕਾਸ ਕਰਨਾ |
| Strong leadership as well as access to a range of specialist support teams within West of Scotland to help staff provide excellent customer service - in line with West of Scotland's Values and Customer Care Charter. | ਵੈਸਟ ਆਫ ਸਕਾਟਲੈਂਡ ਦੀਆਂ ਕਦਰਾਂ-ਕੀਮਤਾਂ ਅਤੇ ਗਾਹਕ ਸੰਭਾਲ ਚਾਰਟਰ ਦੇ ਅਨੁਸਾਰ - ਸ਼ਾਨਦਾਰ ਗਾਹਕ ਸੇਵਾ ਪ੍ਰਦਾਨ ਕਰਾਉਣ ਵਿੱਚ ਅਮਲੇ ਦੀ ਮਦਦ ਕਰਨ ਲਈ ਮਜ਼ਬੂਤ ਆਗਵਾਈ ਅਤੇ ਨਾਲ ਹੀ ਨਾਲ ਵੈਸਟ ਆਫ ਸਕਾਟਲੈਂਡ ਵਿੱਚ ਵਿਸ਼ੇਸ਼ੱਗ ਸਹਾਇਤਾ ਟੀਮਾਂ ਦੀ ਇੱਕ ਲੜੀ ਤੱਕ ਪਹੁੰਚ। |
| These benefits will only be delivered if tenants vote 'Yes' for the transfer to West of Scotland. The ballot will be open between Friday 6th May 2022 and 5pm on Monday 6th June 2022.<br>WHEN YOU GET YOUR VOTING PAPER...<br>DON'T DELAY, VOTE RIGHT AWAY! | ਇਹਨਾਂ ਲਾਭਾਂ ਦੀ ਅਦਾਇਗੀ ਕੇਵਲ ਤਾਂ ਹੀ ਕੀਤੀ ਜਾਵੇਗੀ ਜੇਕਰ ਕਿਰਾਏਦਾਰ ਵੈਸਟ ਆਫ ਸਕਾਟਲੈਂਡ ਵਿੱਚ ਤਬਾਦਲੇ ਲਈ 'ਹਾਂ' ਵਿੱਚ ਵੋਟ ਪਾਉਂਦੇ ਹਨ। ਵੋਟਾਂ ਸ਼ੁੱਕਰਵਾਰ 6 ਮਈ 2022 ਤੋਂ ਲੈਕੇ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ।<br>**ਜਦ ਤੁਸੀਂ ਆਪਣਾ ਚੋਣ ਪੱਤਰ ਪ੍ਰਾਪਤ ਕਰਦੇ ਹੋ...**<br>**ਦੇਰ ਨਾ ਕਰੋ, ਤੁਰੰਤ ਵੋਟ ਪਾਓ!** |
| Transfer Promises | ਤਬਾਦਲੇ ਦੇ ਵਾਅਦੇ |
| Ensuring rents are more affordable. | ਯਕੀਨੀ ਬਣਾਉਣਾ ਕਿ ਕਿਰਾਏ ਵਧੇਰੇ ਕਿਫਾਇਤੀ ਹੋਣ। |
| Ensuring service charges are necessary, clear and transparent and contractors are effectively managed to deliver good services that are value for money. | ਯਕੀਨੀ ਬਣਾਉਣਾ ਕਿ ਸਰਵਿਸ ਚਾਰਜ ਜ਼ਰੂਰੀ, ਸਪੱਸ਼ਟ ਅਤੇ ਪਾਰਦਰਸ਼ੀ ਹੋਣ ਅਤੇ ਵਧੀਆ ਸੇਵਾਵਾਂ ਦੀ ਅਦਾਇਗੀ ਕਰਨ ਵਾਸਤੇ, ਜੋ ਪੈਸੇ ਦੀ ਕੀਮਤ ਵਸੂਲ ਕਰਦੀਆਂ ਹਨ, ਠੇਕੇਦਾਰਾਂ ਦਾ ਅਸਰਦਾਰ ਤਰੀਕੇ ਨਾਲ ਪ੍ਰਬੰਧਨ ਕੀਤਾ ਜਾਏ । |
| Accelerating and improving the investment programme (new kitchens, windows etc) to deliver much needed work in our homes. | ਸਾਡੇ ਘਰਾਂ ਵਿੱਚ ਬਹੁਤ ਜ਼ਿਆਦਾ ਲੋੜੀਂਦੇ ਕੰਮ ਪੂਰੇ ਕਰਨ ਲਈ ਨਿਵੇਸ਼ ਪ੍ਰੋਗਰਾਮ (ਨਵੀਆਂ ਰਸੋਈਆਂ, ਖਿੜਕੀਆਂ ਆਦਿ) ਨੂੰ ਤੇਜ਼ ਕਰਨਾ ਅਤੇ ਇਸ ਵਿੱਚ ਸੁਧਾਰ ਕਰਨਾ। |
| Working with others to improve the management and physical condition of the external environment. | ਬਾਹਰੀ ਵਾਤਾਵਰਣ ਦੇ ਪ੍ਰਬੰਧਨ ਅਤੇ ਭੌਤਿਕ ਸਥਿਤੀ ਨੂੰ ਸੁਧਾਰਨ ਲਈ ਦੂਜਿਆਂ ਨਾਲ ਕੰਮ ਕਰਨਾ। |
| Ensuring a strong and positive culture focused on customer excellence. | ਗ੍ਰਾਹਕਾਂ ਦੀ ਉੱਤਮਤਾ 'ਤੇ ਕੇਂਦ੍ਰਤ ਇੱਕ ਮਜ਼ਬੂਤ ਅਤੇ ਸਕਾਰਾਤਮਕ ਸਭਿਆਚਾਰ ਨੂੰ ਯਕੀਨੀ ਬਣਾਉਣਾ। |
| Greater access to staff and services at a time, place, and manner to suit the needs of tenants and factored owners (providing new online services). | ਕਿਰਾਏਦਾਰਾਂ ਅਤੇ ਅੰਸ਼ਕ ਮਾਲਕਾਂ ਦੀਆਂ ਲੋੜਾਂ ਦੇ ਅਨੁਸਾਰ ਕਿਸੇ ਸਮੇਂ, ਸਥਾਨ, ਅਤੇ ਤਰੀਕੇ ਨਾਲ ਅਮਲੇ ਅਤੇ ਸੇਵਾਵਾਂ ਤੱਕ ਵਧੇਰੇ ਪਹੁੰਚ (ਨਵੀਆਂ ਔਨਲਾਈਨ ਸੇਵਾਵਾਂ ਪ੍ਰਦਾਨ ਕਰਾਉਣਾ)। |
| Providing a quality factoring service that demonstrates value for money. | ਇੱਕ ਗੁਣਵੱਤਾ ਵਾਲੀ ਫੈਕਟਰਿੰਗ ਸੇਵਾ ਪ੍ਰਦਾਨ ਕਰਾਉਣਾ ਜੋ ਪੈਸੇ ਵਾਸਤੇ ਮੁੱਲ ਦਾ ਪ੍ਰਦਰਸ਼ਨ ਕਰਦੀ ਹੈ। |

| | |
|---|---|
| Offering a range of wider support services to help support tenants to improve life opportunities and to meet their own and their community's changing needs. | ਜੀਵਨ ਦੇ ਮੌਕਿਆਂ ਵਿੱਚ ਸੁਧਾਰ ਕਰਨ ਲਈ ਅਤੇ ਆਪਣੀਆਂ ਖੁਦ ਦੀਆਂ ਅਤੇ ਆਪਣੇ ਭਾਈਚਾਰੇ ਦੀਆਂ ਬਦਲਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਕਿਰਾਏਦਾਰਾਂ ਦੀ ਸਹਾਇਤਾ ਕਰਨ ਵਿੱਚ ਮਦਦ ਲਈ ਵਿਆਪਕ ਸਹਾਇਤਾ ਸੇਵਾਵਾਂ ਦੀ ਪੇਸ਼ਕਸ਼ ਕਰਨਾ। |
| Consulting with you… | ਤੁਹਾਡੇ ਨਾਲ ਸਲਾਹ-ਮਸ਼ਵਰਾ… |
| During March we consulted with Charing Cross tenants on the proposed transfer to West of Scotland. | ਮਾਰਚ ਦੌਰਾਨ, ਅਸੀਂ ਵੈਸਟ ਆਫ ਸਕਾਟਲੈਂਡ ਵਿੱਚ ਪ੍ਰਸਤਾਵਿਤ ਤਬਾਦਲੇ ਬਾਰੇ ਚੈਰਿੰਗ ਕਰੌਸ ਦੇ ਕਿਰਾਏਦਾਰਾਂ ਨਾਲ ਸਲਾਹ-ਮਸ਼ਵਰਾ ਕੀਤਾ। |
| We spoke to 94% of households and it was great to hear that they are excited about the proposed transfer and tell us what they are looking forward to: | ਅਸੀਂ 94% ਪਰਿਵਾਰਾਂ ਨਾਲ ਗੱਲਬਾਤ ਕੀਤੀ ਅਤੇ ਇਹ ਸੁਣਕੇ ਬਹੁਤ ਵਧੀਆ ਲੱਗਿਆ ਕਿ ਉਹ ਪ੍ਰਸਤਾਵਿਤ ਤਬਾਦਲੇ ਬਾਰੇ ਉਤਸ਼ਾਹਤ ਹਨ ਅਤੇ ਸਾਨੂੰ ਦੱਸਦੇ ਹਨ ਕਿ ਉਹ ਕਿਸ ਚੀਜ਼ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ: |
| **Rent Freeze** – one year rent freeze and lower increases in the future promised by West of Scotland have been really welcome news with tenants saying that it will make their rents more affordable in the longer term – something that is important to them given the financial challenges many face due to cost of living increasing. | **ਰੈਂਟ ਫ੍ਰੀਜ਼** - ਵੈਸਟ ਆਫ ਸਕਾਟਲੈਂਡ ਵੱਲੋਂ ਇੱਕ ਸਾਲ ਤੱਕ ਕਿਰਾਏ ਨੂੰ ਉੱਥੇ ਹੀ ਰੱਖਣ ਅਤੇ ਭਵਿੱਖ ਵਿੱਚ ਮੁਕਾਬਲਤਨ ਘੱਟ ਵਾਧੇ ਦੇ ਕੀਤੇ ਗਏ ਵਾਅਦੇ ਕਿਰਾਏਦਾਰਾਂ ਵਾਸਤੇ ਸੱਚਮੁੱਚ ਸਵਾਗਤਯੋਗ ਖ਼ਬਰਾਂ ਰਹੀਆਂ ਹਨ ਅਤੇ ਉਹ ਕਹਿੰਦੇ ਹਨ ਕਿ ਇਹ ਲੰਬੀ ਮਿਆਦ ਵਿੱਚ ਉਹਨਾਂ ਦੇ ਕਿਰਾਏ ਨੂੰ ਵਧੇਰੇ ਪੁੱਜਣਯੋਗ ਬਣਾ ਦੇਵੇਗਾ - ਕੁਝ ਅਜਿਹਾ ਜੋ ਉਹਨਾਂ ਵਾਸਤੇ ਮਹੱਤਵਪੂਰਨ ਹੈ ਕਿਉਂਕਿ ਰਹਿਣ-ਸਹਿਣ ਦੀ ਲਾਗਤ ਵੱਧਣ ਕਰਕੇ ਬਹੁਤ ਸਾਰੇ ਲੋਕ ਦਰਪੇਸ਼ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। |
| **More investment in homes** – West of Scotland has promised a significant investment in tenants' homes including new windows for most homes and tenants felt this was much needed. | **ਘਰਾਂ ਵਿੱਚ ਵਧੇਰੇ ਨਿਵੇਸ਼** - ਵੈਸਟ ਆਫ ਸਕਾਟਲੈਂਡ ਨੇ ਕਿਰਾਏਦਾਰਾਂ ਦੇ ਘਰਾਂ ਵਿੱਚ ਇੱਕ ਮਹੱਤਵਪੂਰਨ ਨਿਵੇਸ਼ ਦਾ ਵਾਅਦਾ ਕੀਤਾ ਹੈ ਜਿਸ ਵਿੱਚ ਜ਼ਿਆਦਾਤਰ ਘਰਾਂ ਵਾਸਤੇ ਨਵੀਆਂ ਖਿੜਕੀਆਂ ਵੀ ਸ਼ਾਮਲ ਹਨ ਅਤੇ ਕਿਰਾਏਦਾਰਾਂ ਨੇ ਮਹਿਸੂਸ ਕੀਤਾ ਹੈ ਕਿ ਇਸਦੀ ਬਹੁਤ ਜ਼ਿਆਦਾ ਲੋੜ ਸੀ। |
| **More investment in the local community** - tenants say they want to feel the area around their homes is well looked after as the homes they live in, and they were pleased to see West of Scotland's promise to invest in improving the local environment. | **ਸਥਾਨਕ ਭਾਈਚਾਰੇ ਵਿੱਚ ਵਧੇਰੇ ਨਿਵੇਸ਼** - ਕਿਰਾਏਦਾਰ ਕਹਿੰਦੇ ਹਨ ਕਿ ਉਹ ਇਹ ਮਹਿਸੂਸ ਕਰਨਾ ਚਾਹੁੰਦੇ ਹਨ ਕਿ ਉਹਨਾਂ ਦੇ ਘਰਾਂ ਦੇ ਆਸ-ਪਾਸ ਦੇ ਖੇਤਰ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ ਕਿਉਂਕਿ ਉਹ ਉਹਨਾਂ ਘਰਾਂ ਵਿੱਚ ਰਹਿੰਦੇ ਹਨ, ਅਤੇ ਉਹ ਸਥਾਨਕ ਵਾਤਾਵਰਣ ਵਿੱਚ ਸੁਧਾਰ ਕਰਨ ਵਿੱਚ ਨਿਵੇਸ਼ ਕਰਨ ਲਈ ਵੈਸਟ ਆਫ ਸਕਾਟਲੈਂਡ ਦੇ ਵਾਅਦੇ ਨੂੰ ਦੇਖਕੇ ਖੁਸ਼ ਹੋਏ ਸੀ। |

| | |
|---|---|
| **Providing support services** – tenants liked the idea of the range of extra support services provided by West of Scotland such as Handy Person and Energy Advice. | **ਸਹਾਇਤਾ ਸੇਵਾਵਾਂ ਪ੍ਰਦਾਨ ਕਰਨਾ** - ਕਿਰਾਏਦਾਰਾਂ ਨੂੰ ਵੈਸਟ ਆਫ ਸਕਾਟਲੈਂਡ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਵੱਖ-ਵੱਖ ਪ੍ਰਕਾਰ ਦੀਆਂ ਵਧੀਕ ਸਹਾਇਤਾ ਸੇਵਾਵਾਂ ਦਾ ਵਿਚਾਰ ਪਸੰਦ ਆਇਆ ਜਿਵੇਂ ਕਿ ਹੈਂਡੀ ਪਰਸਨ ਅਤੇ ਉਰਜਾ ਸਲਾਹ। |
| With the pressure on my finances, I was delighted to hear about the rent freeze promise next year if we vote for West of Scotland | ਮੇਰੇ ਵਿੱਤਾਂ 'ਤੇ ਦਬਾਅ ਦੇ ਨਾਲ, ਜੇ ਅਸੀਂ ਵੈਸਟ ਆਫ ਸਕਾਟਲੈਂਡ ਵਾਸਤੇ ਵੋਟ ਦਿੰਦੇ ਹਾਂ ਤਾਂ ਅਗਲੇ ਸਾਲ ਕਿਰਾਇਆ ਉਹੀ ਰਹਿਣ ਦੇ ਵਾਅਦੇ ਬਾਰੇ ਸੁਣਕੇ ਮੈਨੂੰ ਬਹੁਤ ਖੁਸ਼ੀ ਹੋਈ ਸੀ। |
| Great to hear that West of Scotland are keeping the local office open and that the staff jobs are safe. | ਇਹ ਸੁਣਕੇ ਬਹੁਤ ਵਧੀਆ ਲੱਗਿਆ ਕਿ ਵੈਸਟ ਆਫ ਸਕਾਟਲੈਂਡ ਸਥਾਨਕ ਦਫਤਰ ਨੂੰ ਖੁੱਲ੍ਹਾ ਰੱਖ ਰਿਹਾ ਹੈ ਅਤੇ ਇਹ ਕਿ ਅਮਲੇ ਦੀਆਂ ਨੌਕਰੀਆਂ ਸੁਰੱਖਿਅਤ ਹਨ। |
| I'm keen to get involved in the new Residents Group that West of Scotland will set up to help shape local services. | ਮੈਂ ਉਸ ਨਵੇਂ ਵਸਨੀਕ ਗਰੁੱਪ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਦਾ/ਦੀ ਹਾਂ ਜਿਸਦੀ ਸਥਾਪਨਾ ਵੈਸਟ ਆਫ ਸਕਾਟਲੈਂਡ ਸਥਾਨਕ ਸੇਵਾਵਾਂ ਨੂੰ ਅਕਾਰ ਦੇਣ ਵਿੱਚ ਮਦਦ ਕਰਨ ਲਈ ਕਰੇਗਾ। |
| The promise of new double glazed windows will make such a difference to me and my family! | ਨਵੀਆਂ ਡਬਲ ਗਲੇਜ਼ਡ ਖਿੜਕੀਆਂ ਦਾ ਵਾਅਦਾ ਮੇਰੇ ਅਤੇ ਮੇਰੇ ਪਰਿਵਾਰ ਲਈ ਬਹੁਤ ਫਰਕ ਲਿਆਵੇਗਾ! |
| Frequently Asked Questions | ਆਮ ਪੁੱਛੇ ਜਾਣ ਵਾਲੇ ਪ੍ਰਸ਼ਨ |
| How do we know West of Scotland will do what they have promised? | ਅਸੀਂ ਕਿਵੇਂ ਜਾਣਦੇ ਹਾਂ ਕਿ ਵੈਸਟ ਆਫ ਸਕਾਟਲੈਂਡ ਉਹ ਕਰੇਗਾ ਜਿਨ੍ਹਾਂ ਦਾ ਉਹਨਾਂ ਨੇ ਵਾਅਦਾ ਕੀਤਾ ਹੈ? |
| West of Scotland will establish a Resident's Association that will monitor progress with the transfer promises and send regular communication to tenants. West of Scotland will also be required to report to the Scottish Housing Regulator and their Board on progress made. | ਵੈਸਟ ਆਫ ਸਕਾਟਲੈਂਡ ਵਸਨੀਕਾਂ ਦੀ ਇੱਕ ਐਸੋਸੀਏਸ਼ਨ ਦੀ ਸਥਾਪਨਾ ਕਰੇਗਾ ਜੋ ਤਬਾਦਲੇ ਦੇ ਵਾਅਦਿਆਂ ਦੀ ਪ੍ਰਗਤੀ 'ਤੇ ਨਜ਼ਰ ਰੱਖੇਗੀ ਅਤੇ ਕਿਰਾਏਦਾਰਾਂ ਨੂੰ ਬਕਾਇਦਾ ਸੰਚਾਰ ਭੇਜੇਗੀ। ਵੈਸਟ ਆਫ ਸਕਾਟਲੈਂਡ ਲਈ ਕੀਤੀ ਗਈ ਪ੍ਰਗਤੀ ਬਾਰੇ ਸਕਾਟਿਸ਼ ਹਾਊਜ਼ਿੰਗ ਰੈਗੂਲੇਟਰ ਅਤੇ ਉਹਨਾਂ ਦੇ ਬੋਰਡ ਨੂੰ ਰਿਪੋਰਟ ਕਰਨਾ ਵੀ ਲਾਜ਼ਮੀ ਹੋਵੇਗਾ। |
| What happens if not enough tenants vote "yes" in the ballot? | ਜੇ ਕਾਫੀ ਕਿਰਾਏਦਾਰ ਚੋਣਾਂ ਵਿੱਚ "ਹਾਂ" ਵਿੱਚ ਵੋਟ ਨਹੀਂ ਪਾਉਂਦੇ ਤਾਂ ਕੀ ਹੋਵੇਗਾ? |
| For the transfer to go ahead, the majority of tenants that vote, have to vote YES. If tenants do not support the voluntary transfer to West of Scotland, Charing Cross would continue to face serious and urgent challenges as it does not comply with the Scottish Housing Regulator's (SHR) Regulatory Standards. This would mean that West of Scotland would not be the transfer partner and all of the agreed transfer promises would no longer be available. Investment in homes and future rent | ਤਬਾਦਲੇ ਨੂੰ ਅੱਗੇ ਵਧਾਉਣ ਵਾਸਤੇ, ਉਹ ਕਿਰਾਏਦਾਰ ਜੋ ਵੋਟ ਪਾਉਂਦੇ ਹਨ, ਦੀ ਬਹੁਗਿਣਤੀ ਨੂੰ ਹਾਂ ਵਿੱਚ ਵੋਟ ਪਾਉਣੀ ਹੈ। ਜੇ ਕਿਰਾਏਦਾਰ ਵੈਸਟ ਆਫ ਸਕਾਟਲੈਂਡ ਵਿੱਚ ਆਪਣੀ ਮਰਜ਼ੀ ਨਾਲ ਤਬਾਦਲੇ ਦਾ ਸਮਰਥਨ ਨਹੀਂ ਕਰਦੇ, ਤਾਂ ਚੈਰਿੰਗ ਕਰਾਸ ਵੱਲੋਂ ਗੰਭੀਰ ਅਤੇ ਜ਼ਰੂਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਜਾਰੀ ਰਹੇਗਾ ਕਿਉਂਕਿ ਇਹ ਸਕਾਟਿਸ਼ ਹਾਊਜ਼ਿੰਗ ਰੈਗੂਲੇਟਰ (ਐਸ.ਐਚ.ਆਰ.) ਦੇ ਅਧਿਨਿਯਮਕ ਮਿਆਰਾਂ ਦੀ ਪਾਲਨਾ |

| | |
|---|---|
| increases would be determined by the Charing Cross business plan which is already under strain. | ਨਹੀਂ ਕਰਦਾ। ਇਸਦਾ ਮਤਲਬ ਇਹ ਹੋਵੇਗਾ ਕਿ ਵੈਸਟ ਆਫ ਸਕਾਟਲੈਂਡ ਤਬਾਦਲਾ ਭਾਈਵਾਲ ਨਹੀਂ ਹੋਵੇਗਾ ਅਤੇ ਸਹਿਮਤ ਹੋਏ ਤਬਾਦਲੇ ਦੇ ਸਾਰੇ ਵਾਅਦੇ ਹੁਣ ਉਪਲਬਧ ਨਹੀਂ ਹੋਣਗੇ। ਘਰਾਂ ਵਿੱਚ ਨਿਵੇਸ਼ ਅਤੇ ਭਵਿੱਖ ਦੇ ਕਿਰਾਏ ਵਿੱਚ ਵਾਧਿਆਂ ਦਾ ਨਿਰਣਾ ਚੈਰਿੰਗ ਕਰਾਸ ਦੀ ਕਾਰੋਬਾਰੀ ਯੋਜਨਾ ਦੁਆਰਾ ਕੀਤਾ ਜਾਵੇਗਾ ਜੋ ਪਹਿਲਾਂ ਤੋਂ ਹੀ ਦਬਾਅ ਵਿੱਚ ਹੈ। |
| How would West of Scotland overcome conservation area restrictions in providing double glazed windows? | ਵੈਸਟ ਆਫ ਸਕਾਟਲੈਂਡ ਡਬਲ ਗਲੇਜ਼ਡ ਖਿੜਕੀਆਂ ਪ੍ਰਦਾਨ ਕਰਨ ਵਿੱਚ ਸੰਭਾਲ ਖੇਤਰ ਦੀਆਂ ਪਾਬੰਦੀਆਂ ਨਾਲ ਕਿਵੇਂ ਨੱਜਿਠੇਗਾ? |
| West of Scotland are already in discussions with Glasgow City Council (GCC) about how they can provide double glazed windows that meet the requirements of GCC's policies. They are confident of being able to find a solution that will allow double glazed windows to be installed in all homes due for replacement windows. | ਵੈਸਟ ਆਫ ਸਕਾਟਲੈਂਡ ਗਲਾਸਗੋ ਸਿਟੀ ਕੌਂਸਲ (ਜੀ.ਸੀ.ਸੀ.) ਦੇ ਨਾਲ ਇਸ ਬਾਰੇ ਪਹਿਲਾਂ ਤੋਂ ਹੀ ਵਿਚਾਰ-ਵਟਾਂਦਰਾ ਕਰ ਰਿਹਾ ਹੈ ਕਿ ਉਹ ਅਜਿਹੀਆਂ ਡਬਲ ਗਲੇਜ਼ਡ ਖਿੜਕੀਆਂ ਕਿਵੇਂ ਪ੍ਰਦਾਨ ਕਰ ਸਕਦੇ ਹਨ ਜੋ ਜੀ.ਸੀ.ਸੀ. ਦੀਆਂ ਨੀਤੀਆਂ ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ। ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਅਜਿਹਾ ਹੱਲ ਲੱਭਣ ਦੇ ਯੋਗ ਹੋਣਗੇ ਜੋ ਨਵੀਂਆਂ ਖਿੜਕੀਆਂ ਲਈ ਸਾਰਿਆਂ ਘਰਾਂ ਵਿੱਚ ਡਬਲ ਗਲੇਜ਼ਡ ਖਿੜਕੀਆਂ ਨੂੰ ਸਥਾਪਤ ਕਰਨ ਦੀ ਆਗਿਆ ਦੇਵੇਗਾ। |
| Will the Charing Cross staff be kept? | ਕੀ ਚੈਰਿੰਗ ਕਰਾਸ ਦੇ ਅਮਲੇ ਨੂੰ ਰੱਖਿਆ ਜਾਵੇਗਾ? |
| Charing Cross staff will transfer to West of Scotland and become part of their staff team. They will be led by West of Scotland's Leadership Team and have access to training and resources to help them deliver excellent standards of customer service to tenants and other customers. All staff at West of Scotland are expected to behave in a way that reflects their values which you can find out about on their website www.westscot.co.uk | ਚੈਰਿੰਗ ਕਰਾਸ ਦਾ ਅਮਲਾ ਵੈਸਟ ਆਫ ਸਕਾਟਲੈਂਡ ਵਿਖੇ ਤਬਦੀਲ ਹੋ ਜਾਵੇਗਾ ਅਤੇ ਉਹਨਾਂ ਦੇ ਅਮਲੇ ਦੀ ਟੀਮ ਦਾ ਭਾਗ ਬਣ ਜਾਵੇਗਾ। ਉਹਨਾਂ ਦੀ ਅਗਵਾਈ ਵੈਸਟ ਆਫ ਸਕਾਟਲੈਂਡ ਦੀ ਲੀਡਰਸ਼ਿਪ ਟੀਮ ਵੱਲੋਂ ਕੀਤੀ ਜਾਵੇਗੀ ਅਤੇ ਕਿਰਾਏਦਾਰਾਂ ਅਤੇ ਹੋਰ ਗਾਹਕਾਂ ਨੂੰ ਗਾਹਕ ਸੇਵਾ ਦੇ ਸ਼ਾਨਦਾਰ ਮਿਆਰਾਂ ਦੀ ਅਦਾਇਗੀ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਉਹਨਾਂ ਨੂੰ ਸਿਖਲਾਈ ਅਤੇ ਸਰੋਤਾਂ ਤੱਕ ਪਹੁੰਚ ਹੋਵੇਗੀ। ਵੈਸਟ ਆਫ ਸਕਾਟਲੈਂਡ ਵਿਖੇ ਸਾਰੇ ਅਮਲੇ ਤੋਂ ਅਜਿਹੇ ਤਰੀਕੇ ਨਾਲ ਵਿਵਹਾਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਜੋ ਉਹਨਾਂ ਦੀਆਂ ਕਦਰਾਂ-ਕੀਮਤਾਂ ਦੀ ਝਲਕ ਦਿੰਦਾ ਹੈ ਜਿਸ ਬਾਰੇ ਤੁਸੀਂ ਉਹਨਾਂ ਦੀ ਵੈੱਬਸਾਈਟ www.westscot.co.uk 'ਤੇ ਲੱਭ ਸਕਦੇ ਹੋ |
| Do you need to sign a new tenancy agreement? | ਕੀ ਤੁਹਾਨੂੰ ਕਿਸੇ ਨਵੇਂ ਕਿਰਾਏਦਾਰੀ ਇਕਰਾਰਨਾਮੇ 'ਤੇ ਦਸਤਖਤ ਕਰਨ ਦੀ ਲੋੜ ਹੈ? |
| Your tenancy will be automatically transferred to West of Scotland and all of your rights will be protected. | ਤੁਹਾਡੀ ਕਿਰਾਏਦਾਰੀ ਨੂੰ ਆਪਣੇ ਆਪ ਵੈਸਟ ਆਫ ਸਕਾਟਲੈਂਡ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਤੁਹਾਡੇ ਸਾਰੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇਗੀ। |

| | |
|---|---|
| How will West of Scotland provide information to ensure tenants are clear on the new arrangements? | ਵੈਸਟ ਆਫ ਸਕਾਟਲੈਂਡ ਇਹ ਯਕੀਨੀ ਬਣਾਉਣ ਲਈ ਜਾਣਕਾਰੀ ਕਿਵੇਂ ਪ੍ਰਦਾਨ ਕਰੇਗਾ ਕਿ ਨਵੇਂ ਇੰਤਜ਼ਾਮਾਂ ਬਾਰੇ ਕਿਰਾਏਦਾਰਾਂ ਨੂੰ ਸਪੱਸ਼ਟ ਪਤਾ ਹੋਵੇ? |
| West of Scotland will issue a welcome pack with all relevant information to all tenants which will be followed up by a welcome visit by a member of staff. | ਵੈਸਟ ਆਫ ਸਕਾਟਲੈਂਡ ਸਾਰੇ ਕਿਰਾਏਦਾਰਾਂ ਨੂੰ ਸਾਰੀ ਸਬੰਧਿਤ ਜਾਣਕਾਰੀ ਦੇ ਨਾਲ ਇੱਕ ਸਵਾਗਤ ਪੈਕ ਜਾਰੀ ਕਰੇਗਾ ਜਿਸਦੇ ਬਾਅਦ ਅਮਲੇ ਦੇ ਕਿਸੇ ਮੈਂਬਰ ਦੁਆਰਾ ਇੱਕ ਸਵਾਗਤ ਮੁਲਾਕਾਤ ਕੀਤੀ ਜਾਵੇਗੀ। |
| What happens if you are on the transfer list with Charing Cross and the transfer goes ahead? | ਜੇ ਤੁਸੀਂ ਚੈਰਿੰਗ ਕਰੌਸ ਦੇ ਨਾਲ ਤਬਾਦਲਾ ਸੂਚੀ ਵਿੱਚ ਹੋ ਅਤੇ ਇਹ ਤਬਾਦਲਾ ਅੱਗੇ ਵਧ ਜਾਂਦਾ ਹੈ ਤਾਂ ਕੀ ਹੋਵੇਗਾ? |
| You will be automatically added to the transfer list of West of Scotland and a member of their Customer Service Team will be in touch to discuss your housing needs. This will mean you have access to the much wider range of stock across Glasgow, Lanarkshire and Ayrshire including West of Scotland's new build housing with 700 new homes to be created by the end of 2026. | ਤੁਹਾਨੂੰ ਆਪਣੇ-ਆਪ ਹੀ ਵੈਸਟ ਆਫ ਸਕਾਟਲੈਂਡ ਦੀ ਟ੍ਰਾਂਸਫਰ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ ਅਤੇ ਤੁਹਾਡੀਆਂ ਰਿਹਾਇਸ਼ੀ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਉਹਨਾਂ ਦੀ ਗਾਹਕ ਸੇਵਾ ਟੀਮ ਦਾ ਇੱਕ ਮੈਂਬਰ ਤੁਹਾਡੇ ਨਾਲ ਸੰਪਰਕ ਕਰੇਗਾ। ਇਸਦਾ ਮਤਲਬ ਇਹ ਹੋਵੇਗਾ ਕਿ ਸਾਰੇ ਗਲਾਸਗੋ, ਲਾਨਾਰਕਸ਼ਾਇਰ ਅਤੇ ਆਇਰਸ਼ਾਇਰ ਵਿੱਚ ਵਧੀਕ ਵਿਆਪਕ ਸਟਾਕ ਤੱਕ ਤੁਹਾਡੀ ਪਹੁੰਚ ਹੈ ਜਿਸ ਵਿੱਚ ਵੈਸਟ ਆਫ ਸਕਾਟਲੈਂਡ ਦੀਆਂ ਨਵੀਆਂ ਬਣ ਰਹੀਆਂ ਰਿਹਾਇਸ਼ਾਂ ਵੀ ਸ਼ਾਮਲ ਹਨ ਜਿੱਥੇ 2026 ਦੇ ਅੰਤ ਤੱਕ 700 ਨਵੇਂ ਘਰਾਂ ਦੀ ਸਿਰਜਣਾ ਕੀਤੀ ਜਾਣੀ ਹੈ। |
| Will the Management Committee of Charing Cross continue to exist? | ਕੀ ਚੈਰਿੰਗ ਕਰੌਸ ਦੀ ਮੈਨੇਜਮੈਂਟ ਕਮੇਟੀ ਦੀ ਹੋਂਦ ਬਣੀ ਰਹੇਗੀ? |
| Charing Cross would no longer exist as a housing association so would no longer require a Management Committee. Tenants and other residents could apply for shareholding membership in West of Scotland and could apply to join the Board of West of Scotland if a vacancy becomes available. | ਚੈਰਿੰਗ ਕਰਾਸ ਹੁਣ ਇੱਕ ਹਾਉਜ਼ਿੰਗ ਐਸੋਸੀਏਸ਼ਨ ਵਜੋਂ ਹੋਂਦ ਵਿੱਚ ਨਹੀਂ ਰਹੇਗੀ, ਇਸ ਲਈ ਹੁਣ ਕਿਸੇ ਪ੍ਰਬੰਧਨ ਕਮੇਟੀ ਦੀ ਲੋੜ ਨਹੀਂ ਪਵੇਗੀ। ਕਿਰਾਏਦਾਰ ਅਤੇ ਹੋਰ ਵਸਨੀਕ ਵੈਸਟ ਆਫ ਸਕਾਟਲੈਂਡ ਵਿੱਚ ਸ਼ੇਅਰਹੋਲਡਿੰਗ ਮੈਂਬਰਸ਼ਿਪ ਵਾਸਤੇ ਅਰਜ਼ੀ ਦੇ ਸਕਦੇ ਹਨ ਅਤੇ ਉਹ ਬੋਰਡ ਆਫ ਵੈਸਟ ਆਫ ਸਕਾਟਲੈਂਡ ਵਿੱਚ ਸ਼ਾਮਲ ਹੋਣ ਲਈ ਅਰਜ਼ੀ ਦੇ ਸਕਦੇ ਹਨ ਜੇ ਕੋਈ ਖਾਲੀ ਥਾਂ ਉਪਲਬਧ ਹੋ ਜਾਂਦੀ ਹੈ। |
| What are the benefits for West of Scotland if the transfer goes ahead? | ਵੈਸਟ ਆਫ ਸਕਾਟਲੈਂਡ ਵਾਸਤੇ ਕੀ ਲਾਭ ਹਨ ਜੇਕਰ ਇਹ ਤਬਾਦਲਾ ਅੱਗੇ ਵੱਧਦਾ ਹੈ? |
| The ability to spread its costs over a larger number of houses will help West of Scotland minimise rent increases for their existing tenants and help them become more resilient as an organisation. | ਆਪਣੇ ਖ਼ਰਚਿਆਂ ਨੂੰ ਮਕਾਨਾਂ ਦੀ ਇੱਕ ਵੱਡੀ ਸੰਖਿਆ ਵਿੱਚ ਫੈਲਾਉਣ ਦੀ ਯੋਗਤਾ ਵੈਸਟ ਆਫ ਸਕਾਟਲੈਂਡ ਨੂੰ ਆਪਣੇ ਮੌਜੂਦਾ ਕਿਰਾਏਦਾਰਾਂ ਵਾਸਤੇ ਕਿਰਾਏ ਵਿੱਚ ਵਾਧੇ ਨੂੰ ਘੱਟ ਤੋਂ ਘੱਟ ਰੱਖਣ ਵਿੱਚ ਮਦਦ ਕਰੇਗੀ ਅਤੇ ਇੱਕ |

| | |
|---|---|
| | ਸੰਸਥਾ ਵਜੋਂ ਉਹਨਾਂ ਨੂੰ ਵਧੇਰੇ ਲਚਕਦਾਰ ਬਣਨ ਵਿੱਚ ਮਦਦ ਕਰੇਗੀ। |
| What happens next? | ਅੱਗੇ ਕੀ ਹੁੰਦਾ ਹੈ? |
| REMEMBER – this important decision on whether the transfer goes ahead is yours through the Tenant Ballot.<br>It is really important to ensure that you use your vote. | ਯਾਦ ਰੱਖੋ - ਇਸ ਬਾਰੇ ਇਹ ਮਹੱਤਵਪੂਰਨ ਫੈਸਲਾ ਕਿ ਕੀ ਤਬਾਦਲਾ ਅੱਗੇ ਵਧਦਾ ਹੈ ਜਾਂ ਨਹੀਂ ਕਿਰਾਏਦਾਰਾਂ ਦੀ ਵੋਟਾਂ ਰਾਹੀਂ ਤੁਹਾਡਾ ਫੈਸਲਾ ਹੈ।<br>ਇਹ ਯਕੀਨੀ ਬਣਾਉਣਾ ਸੱਚਮੁੱਚ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਵੋਟ ਦੀ ਵਰਤੋਂ ਕਰਦੇ ਹੋ। |
| Charing Cross Management Committee and staff team encourage tenants to cast your vote as soon as you can and to vote YES for the transfer to West of Scotland. | ਚੈਰਿੰਗ ਕਰੌਸ ਮੈਨੇਜਮੈਂਟ ਕਮੇਟੀ ਅਤੇ ਅਮਲੇ ਦੀ ਟੀਮ ਕਿਰਾਏਦਾਰਾਂ ਨੂੰ ਉਤਸ਼ਾਹਤ ਕਰਦੀਆਂ ਹਨ ਕਿ ਉਹ ਜਿੰਨੀ ਜਲਦੀ ਹੋ ਸਕੇ ਵੈਸਟ ਆਫ ਸਕਾਟਲੈਂਡ ਵਿੱਚ ਤਬਾਦਲੇ ਵਾਸਤੇ ਆਪਣੀ ਵੋਟ ਪਾਉਣ ਅਤੇ **ਹਾਂ** ਵਿੱਚ ਵੋਟ ਪਾਉਣ। |
| REMEMBER West of Scotland's transfer promises can only be delivered if tenants vote YES. | ਯਾਦ ਰੱਖੋ ਕਿ ਵੈਸਟ ਆਫ ਸਕਾਟਲੈਂਡ ਦੇ ਤਬਾਦਲੇ ਦੇ ਵਾਅਦੇ ਕੇਵਲ ਤਾਂ ਹੀ ਪ੍ਰਦਾਨ ਕੀਤੇ ਜਾ ਸਕਦੇ ਹਨ ਜੇਕਰ ਕਿਰਾਏਦਾਰ **ਹਾਂ** ਵਿੱਚ ਵੋਟ ਪਾਉਂਦੇ ਹਨ। |
| The Ballot will be conducted by Civica Election Services, the UK's leading provider of independent election services. The Ballot will run from Friday 6th May 2022 until 5pm on Monday 6th June 2022. | ਵੋਟਾਂ ਦਾ ਸੰਚਾਲਨ ਸਿਵਿਕਾ ਇਲੈਕਸ਼ਨ ਸਰਵਿਸਜ਼ ਵੱਲੋਂ ਕੀਤਾ ਜਾਵੇਗਾ, ਜੋ ਯੂਕੇ ਦੀ ਸੁਤੰਤਰ ਚੋਣ ਸੇਵਾਵਾਂ ਦੀ ਮੋਹਰੀ ਪ੍ਰਦਾਤਾ ਹੈ। ਵੋਟਾਂ ਸ਼ੁੱਕਰਵਾਰ 6 ਮਈ 2022 ਤੋਂ ਲੈਕੇ ਸੋਮਵਾਰ 6 ਜੂਨ 2022 ਨੂੰ ਸ਼ਾਮ 5 ਵਜੇ ਤੱਕ ਚੱਲਣਗੀਆਂ। |
| You'll be sent your voting paper from Civica with detailed information on how to cast your vote. This will include the option to vote online, over the phone, by post or you can drop your ballot paper off at the sealed and secure ballot box in the local Charing Cross Housing Association office. | ਤੁਹਾਨੂੰ ਸਿਵਿਕਾ ਵੱਲੋਂ ਇਸ ਬਾਰੇ ਵਿਸਤਰਿਤ ਜਾਣਕਾਰੀ ਦੇ ਨਾਲ ਤੁਹਾਡਾ ਚੋਣ ਪੱਤਰ ਭੇਜਿਆ ਜਾਵੇਗਾ ਕਿ ਆਪਣੀ ਵੋਟ ਕਿਵੇਂ ਪਾਉਣੀ ਹੈ। ਇਸ ਵਿੱਚ ਔਨਲਾਈਨ, ਫ਼ੋਨ 'ਤੇ, ਡਾਕ ਰਾਹੀਂ ਵੋਟ ਪਾਉਣ ਦਾ ਵਿਕਲਪ ਸ਼ਾਮਲ ਹੋਵੇਗਾ ਜਾਂ ਫਿਰ ਤੁਸੀਂ ਆਪਣੇ ਚੋਣ ਪੱਤਰ ਨੂੰ ਸਥਾਨਕ ਚੈਰਿੰਗ ਕਰੌਸ ਹਾਉਜ਼ਿੰਗ ਐਸੋਸੀਏਸ਼ਨ ਦੇ ਦਫਤਰ ਵਿੱਚ ਸੀਲਬੰਦ ਅਤੇ ਸੁਰੱਖਿਅਤ ਬੈਲਟ ਬਾਕਸ ਵਿੱਚ ਪਾ ਸਕਦੇ ਹੋ। |
| Throughout the period of the ballot, staff from Charing Cross and West of Scotland will be out to visit you to encourage every tenant to have their say by casting your vote. If you have any concerns or don't want staff to visit, just let us know by calling 0141 333 0404 or email us at transfer@cxha.org.uk. | ਵੋਟਾਂ ਦੀ ਸਮੁੱਚੀ ਮਿਆਦ ਦੌਰਾਨ, ਚੈਰਿੰਗ ਕਰਾਸ ਅਤੇ ਵੈਸਟ ਆਫ ਸਕਾਟਲੈਂਡ ਦਾ ਅਮਲਾ ਤੁਹਾਨੂੰ ਮਿਲਣ ਲਈ ਬਾਹਰ ਹੋਵੇਗਾ ਤਾਂ ਜੋ ਹਰੇਕ ਕਿਰਾਏਦਾਰ ਨੂੰ ਆਪਣੀ ਵੋਟ ਪਾ ਕੇ ਆਪਣੀ ਗੱਲ ਕਹਿਣ ਲਈ ਉਤਸ਼ਾਹਤ ਕੀਤਾ ਜਾ ਸਕੇ। ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਜਾਂ ਜੇ ਤੁਸੀਂ ਨਹੀਂ ਚਾਹੁੰਦੇ ਕਿ ਅਮਲਾ ਫੇਰੀ ਪਾਵੇ, ਤਾਂ ਬੱਸ 0141 333 0404 'ਤੇ ਕਾਲ ਕਰਕੇ ਸਾਨੂੰ ਦੱਸੋ ਜਾਂ ਸਾਨੂੰ transfer@cxha.org.uk 'ਤੇ ਈਮੇਲ ਕਰੋ। |

| | |
|---|---|
| | |
| Voting is really simple, but our staff will be available if you need any help. Please just get in touch with us if you don’t receive your ballot pack or if you lose or misplace it as we can easily arrange to get a replacement sent to you. | ਵੋਟ ਪਾਉਣਾ ਸੱਚਮੁੱਚ ਸਰਲ ਹੈ, ਪਰ ਜੇ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਤਾਂ ਸਾਡਾ ਅਮਲਾ ਉਪਲਬਧ ਹੋਵੇਗਾ। ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਜੇ ਤੁਹਾਨੂੰ ਤੁਹਾਡਾ ਚੋਣ ਪੈਕ ਪ੍ਰਾਪਤ ਨਹੀਂ ਹੁੰਦਾ ਜਾਂ ਜੇ ਤੁਸੀਂ ਇਸਨੂੰ ਗੁਆ ਦਿੰਦੇ ਹੋ ਜਾਂ ਗਲਤ ਥਾਂ ਤੇ ਰੱਖ ਦਿੰਦੇ ਹੋ ਕਿਉਂਕਿ ਅਸੀਂ ਆਸਾਨੀ ਨਾਲ ਤੁਹਾਨੂੰ ਇੱਕ ਬਦਲ ਭੇਜੇ ਜਾਣ ਦਾ ਬੰਦੋਬਸਤ ਕਰ ਸਕਦੇ ਹਾਂ। |
| Also, if you want free independent advice on any aspect of the ballot you can also contact TIS - your independent tenant advisor. | ਨਾਲ ਹੀ, ਜੇ ਤੁਸੀਂ ਚੋਣਾਂ ਦੇ ਕਿਸੇ ਵੀ ਪੱਖ ਬਾਰੇ ਮੁਫ਼ਤ ਸੁਤੰਤਰ ਸਲਾਹ ਚਾਹੁੰਦੇ ਹੋ ਤਾਂ ਤੁਸੀਂ ਟੀ.ਆਈ.ਐਸ. (TIS) ਨਾਲ ਵੀ ਸੰਪਰਕ ਕਰ ਸਕਦੇ ਹੋ - ਜੋ ਤੁਹਾਡਾ ਸੁਤੰਤਰ ਕਿਰਾਏਦਾਰ ਸਲਾਹਕਾਰ ਹੈ। |
| Freephone | ਮੁਫ਼ਤਫੋਨ |
| Get in touch | ਸੰਪਰਕ ਵਿੱਚ ਰਹੋ |
| If you would like to find out any more information please contact us: | ਜੇ ਤੁਸੀਂ ਕੋਈ ਹੋਰ ਜਾਣਕਾਰੀ ਪਤਾ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ: |
| • Phone us on 0141 333 0404. | • ਸਾਨੂੰ 0141 333 0404 'ਤੇ ਫ਼ੋਨ ਕਰੋ। |
| • Email transfer@cxha.org.uk | • ਈਮੇਲ transfer@cxha.org.uk |
| • Facebook - send us a message at www.facebook.com/CharingCrossHA | • ਫੇਸਬੁੱਕ - www.facebook.com/CharingCrossHA 'ਤੇ ਸਾਨੂੰ ਇੱਕ ਸੰਦੇਸ਼ ਭੇਜੋ |
| • Contact the Tenants Information Service (TIS), your independent tenant advisors on their FREEPHONE number 0800 488 0982 or by emailing info@tis.org.uk. | • ਕਿਰਾਏਦਾਰਾਂ ਦੀ ਜਾਣਕਾਰੀ ਸੇਵਾ (ਟੀ.ਆਈ.ਐਸ.), ਤੁਹਾਡੇ ਸੁਤੰਤਰ ਕਿਰਾਏਦਾਰ ਸਲਾਹਕਾਰਾਂ ਨਾਲ ਉਹਨਾਂ ਦੇ ਮੁਫ਼ਤਫੋਨ ਨੰਬਰ 0800 488 0982 'ਤੇ ਜਾਂ ਫਿਰ info@tis.org.uk 'ਤੇ ਈਮੇਲ ਕਰਕੇ ਸੰਪਰਕ ਕਰੋ। |
| A translated copy of this newsletter in Urdu ( اردو ), Punjabi (ਪੰਜਾਬੀ), Simplified Chinese (简体中文) and Arabic ( ) can be obtained from www.cxha.org.uk or by calling 0141 333 0404 | ਇਸ ਸੂਚਨਾਪੱਤਰ ਦੀ ਇੱਕ ਅਨੁਵਾਦ ਕੀਤੀ ਕਾਪੀ ਉਰਦੂ ( اردو ), ਪੰਜਾਬੀ (ਪੰਜਾਬੀ), ਸਧਾਰਨ ਚੀਨੀ (简体中文) ਅਤੇ ਅਰਬੀ ( ) ਵਿੱਚ ਸਾਡੀ ਵੈੱਬਸਾਈਟ www.cxha.org.uk ਜਾਂ 0141 333 0404 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। |